# ਮੈਨੂਅਲ I

## ਸੰਗਠਨ, ਕਾਰਜ ਅਤੇ ਕਰਤੱਵਾਂ ਦੇ ਵੇਰਵੇ

ਦੂਜੇ ਵਿਸ਼ਵ ਯੁੱਧ ਦੇ ਦੌਰਾਨ,ਬ੍ਰਟੇਨ (U.K) ਵਿੱਚ 'ਹੋਮ ਗਾਰਡਜ਼'-ਸਥਾਨਕ ਰੱਖਿਆ ਲਈ ਇੱਕ ਸਵੈ-ਸੇਵੀ ਨਾਗਰਿਕ ਸੰਗਠਨ, ਦੀ ਸਥਾਪਨਾ ਕੀਤੀ ਗਈ ਸੀ। ਭਾਰਤ ਵਿੱਚ, 6 ਦਸੰਬਰ 1946 ਨੂੰ, ਸਿਵਲ ਅਸ਼ਾਂਤੀ ਅਤੇ ਫਿਰਕੂ ਦੰਗਿਆਂ ਨੂੰ ਨਿਯੰਤਰਿਤ ਕਰਨ ਵਿੱਚ ਪੁਲਿਸ ਦੀ ਸਹਾਇਤਾ ਕਰਨ ਲਈ ਮੁੰਬਈ ਵਿੱਚ ਹੋਮ ਗਾਰਡਜ਼ ਦੀ ਸਥਾਪਨਾ ਕੀਤੀ ਗਈ ਸੀ। ਇਸ ਤੋਂ ਬਾਅਦ, ਪੁਲਿਸ ਦੇ ਸਹਾਇਕ ਵਜੋਂ ਅਮਨ-ਕਾਨੂੰਨ ਦੀ ਸਾਂਭ-ਸੰਭਾਲ ਅਤੇ ਹੜ੍ਹਾਂ, ਅੱਗਾਂ, ਕਾਲ ਆਦਿ ਵਰਗੇ ਸੰਕਟਕਾਲਾਂ ਨਾਲ ਨਜਿੱਠਣ ਲਈ ਸਵੈ-ਇੱਛੁਕ ਨਾਗਰਿਕ ਬਲ ਦੇ ਇਸ ਸੰਕਲਪ ਨੂੰ ਕਈ ਹੋਰ ਰਾਜਾਂ ਵਿੱਚ ਪਰਾਂਤੀ ਰਕਸ਼ਾ ਦਲ, ਪੱਛਮੀ ਬੰਗਾਲ ਗ੍ਰਾਮ ਬਲਾਕ ਅਤੇ ਸਿਵਲ ਗਾਰਡਜ਼ ਦੁਆਰਾ ਅਪਣਾਇਆ ਗਿਆ। ਚੀਨੀ ਹਮਲੇ ਦੇ ਮੱਦੇਨਜ਼ਰ 1962 ਵਿੱਚ, ਕੇਂਦਰ ਨੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਮੌਜੂਦਾ ਸਵੈ-ਸੇਵੀ ਸੰਗਠਨਾਂ ਨੂੰ 'ਹੋਮ ਗਾਰਡਜ਼' ਵਜੋਂ ਜਾਣੀ ਜਾਂਦੀ ਇੱਕ ਆਲ-ਇੰਡੀਆ ਫੋਰਸ ਵਿੱਚ ਮਿਲਾਉਣ ਜੋ ਸੰਕਲਪ ਅਤੇ ਚਰਿੱਤਰ ਦੋਵਾਂ ਵਿੱਚ ਸਵੈਇੱਛੁਕ ਹੋਵੇਗੀ।

## ਭੂਮਿਕਾ

ਹੋਮ ਗਾਰਡਜ਼ ਨੂੰ ਹੇਠ ਲਿਖੀਆਂ ਸੋਧੀ ਭੂਮਿਕਾਵਾਂ ਦਿੱਤੀਆਂ ਗਈਆਂ ਹਨ। ਇਹਨਾਂ ਹਦਾਇਤਾਂ ਨੂੰ ਸਮੇਂ ਸਮੇਂ ਤੇ ਦੁਹਰਾਇਆ ਗਿਆ ਹੈ:-

(ੳ) ਪੁਲਿਸ ਲਈ ਸਹਾਇਕ ਵਜੋਂ ਸੇਵਾ ਕਰਨਾ ਅਤੇ ਅੰਦਰੂਨੀ ਸੁਰੱਖਿਆ ਨੂੰ ਬਣਾਈ ਰੱਖਣ ਵਿੱਚ ਸਹਾਇਤਾ ਕਰਨਾ।

(ਅ) ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਜਿਵੇਂ ਕਿ ਹਵਾਈ ਹਮਲਾ, ਅੱਗ, ਹੜ੍ਹ, ਮਹਾਂਮਾਰੀ ਅਤੇ ਹੋਰ ਵਿੱਚ ਭਾਈਚਾਰੇ ਦੀ ਸਹਾਇਤਾ ਕਰਨਾ।

(ੲ) ਜ਼ਰੂਰੀ ਸੇਵਾਵਾਂ ਜਿਵੇਂ ਕਿ ਮੋਟਰ ਟਰਾਂਸਪੋਰਟ, ਪਾਇਨੀਅਰ ਅਤੇ ਇੰਜੀਨੀਅਰ ਗਰੁੱਪ, ਫਾਇਰ ਬ੍ਰਿਗੇਡ, ਨਰਸਿੰਗ ਅਤੇ ਫਸਟ-ਏਡ, ਪਾਣੀ ਦਾ ਸੰਚਾਲਨ ਅਤੇ ਸਥਾਪਨਾਵਾਂ ਵਿੱਚ ਬਿਜਲੀ ਸਪਲਾਈ ਆਦਿ ਪ੍ਰਦਾਨ ਕਰਨ ਲਈ ਕਾਰਜਸ਼ੀਲ ਇਕਾਈਆਂ ਨੂੰ ਸੰਗਠਿਤ ਕਰਨਾ।

(ਸ) ਫਿਰਕੂ ਸਦਭਾਵਨਾ ਨੂੰ ਵਧਾਵਾ ਦੇਣਾ ਅਤੇ ਸੋਸਾਇਟੀ ਦੇ ਕਮਜ਼ੋਰ ਵਰਗਾਂ ਦੀ ਸੁਰੱਖਿਆ ਲਈ ਪ੍ਰਸ਼ਾਸਨ ਨੂੰ ਸਹਾਇਤਾ ਦੇਣਾ।

(ਹ) ਸਮਾਜਿਕ-ਆਰਥਿਕ ਅਤੇ ਕਲਿਆਣਕਾਰੀ ਗਤੀਵਿਧੀਆਂ ਜਿਵੇਂ ਕਿ ਬਾਲਗ ਸਿੱਖਿਆ, ਸਿਹਤ ਅਤੇ ਸਫਾਈ, ਵਿਕਾਸ ਸਕੀਮਾਂ ਅਤੇ ਅਜਿਹੇ ਹੋਰ ਕੰਮਾਂ ਵਿੱਚ ਹਿੱਸਾ ਲੈਣਾ ਜੋ ਉਪਯੋਗੀ ਸਮਝੇ ਜਾਂਦੇ ਹਨ।

## ਸਿਵਲ ਡਿਫੈਂਸ ਡਿਊਟੀਆਂ ਵਿੱਚ ਹੋਮ ਗਾਰਡਜ਼ ਦੀ ਭੂਮਿਕਾ

(ੳ) ਸ਼੍ਰੇਣੀ I ਅਤੇ I-A ਕਸਬਿਆਂ ਵਿੱਚ ਸਿਵਲ ਡਿਫੈਂਸ ਦੇ ਪੂਰੇ ਪੈਮਾਨੇ ਦੇ ਉਪਾਅ ਹੋਣੇ ਹਨ, ਜਿਸ ਵਿੱਚ ਹੇਠ ਲਿਖੀਆਂ ਸਿਵਲ ਡਿਫੈਂਸ ਸੇਵਾਵਾਂ ਨੂੰ ਸ਼ਹਿਰੀ ਹੋਮ ਗਾਰਡਾਂ ਦੁਆਰਾ ਚਲਾਇਆ ਜਾਂਦਾ ਹੈ:

(i) ਘਟਨਾ ਨਿਯੰਤਰਣ ਅਤੇ ਪੁਨਰ ਖੋਜ ਪਾਰਟੀਆਂ (ਸੰਭਵ ਹੱਦ ਤੱਕ)।

(ii) ਬਚਾਅ ਦਲ।

(iii) ਟ੍ਰੇਲਰ ਪੰਪ ਪਾਰਟੀਆਂ।

(iv) ਮੋਬਾਈਲ ਕੰਟੀਨ।

(v) ਪਾਰਟ-ਟਾਈਮ ਇੰਸਟ੍ਰਕਟਰਜ।

(ਅ) ਕੈਟਾਗਿਰੀ II, III ਅਤੇ IV ਕਸਬਿਆਂ ਵਿੱਚ ਸਿਰਫ ਅੰਸ਼ਕ ਸਿਵਲ ਡਿਫੈਂਸ ਉਪਾਅ ਜਿਨ੍ਹਾਂ ਵਿੱਚ ਛੇ ਸਿਵਲ ਡਿਫੈਂਸ ਸੇਵਾਵਾਂ ਸ਼ਾਮਲ ਹਨ, ਅਰਥਾਤ ਹੈੱਡਕੁਆਰਟਰ, ਵਾਰਡਨ, ਸੰਚਾਰ, ਕੈਯੂਐਲਟੀ, ਸਿਖਲਾਈ ਅਤੇ ਅੱਗ ਬੁਝਾਉਣ ਵਾਲੀਆਂ ਸੇਵਾਵਾਂ, ਪੂਰੇ ਪੈਮਾਨੇ 'ਤੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਨਿਰਧਾਰਤ ਸਕੇਲਾਂ ਦੇ ਅਨੁਸਾਰ ਬਾਕੀ ਸਿਵਲ ਡਿਫੈਂਸ ਸੇਵਾਵਾਂ ਹੋਮ ਗਾਰਡਾਂ ਵਿੱਚੋਂ ਅਸਲ ਵਿੱਚ ਲੋੜੀਂਦੀ ਹੱਦ ਤੱਕ ਹੀ ਲਈਆਂ ਜਾਂਦੀਆਂ ਹਨ। ਇਹਨਾਂ ਸੇਵਾਵਾਂ ਲਈ ਸਟੋਰ ਅਤੇ ਉਪਕਰਨ, ਸਿਵਲ ਡਿਫੈਂਸ ਸਰੋਤਾਂ ਤੋਂ ਪ੍ਰਦਾਨ ਕੀਤੇ ਜਾਂਦੇ ਹਨ।

(ੲ) ਕੈਟਾਗਿਰੀ I, I A, ਅਤੇ II ਕਸਬਿਆਂ ਤੋਂ ਇਲਾਵਾ ਹੋਰ ਸਥਾਨਾਂ ਜਿਵੇਂ ਕਿ ਕੈਟਾਗਿਰੀ III ਅਤੇ IV ਕਸਬਿਆਂ ਅਤੇ ਗੈਰ-ਸ਼੍ਰੇਣੀਬੱਧ ਕਸਬਿਆਂ ਲਈ ਸਿਵਲ ਡਿਫੈਂਸ ਪ੍ਰਬੰਧ ਹਵਾਈ ਹਮਲੇ ਦੀਆਂ ਸਾਵਧਾਨੀਆਂ ਅਤੇ ਹੋਰ ਆਮ ਸਿਵਲ ਡਿਫੈਂਸ ਡਿਊਟੀਆਂ ਵਿੱਚ ਹੋਮ ਗਾਰਡਾਂ ਨੂੰ ਸਿਖਲਾਈ ਦਾ ਰੂਪ ਲੈ ਸਕਦੇ ਹਨ, ਤਾਂ ਜੋ ਐਮਰਜੈਂਸੀ ਸਮੇਂ ਅਨੁਸ਼ਾਸਿਤ ਅਤੇ ਸਿੱਖਿਅਤ ਕਰਮਚਾਰੀਆਂ ਦਾ ਇੱਕ ਤਿਆਰ ਨਿਉਕਲੀਅਸ ਉਪਲਬਧ ਹੋਵੇ। ਇਹ ਭਾਰਤ ਸਰਕਾਰ ਦੀ ਕਿਸੇ ਵਿੱਤੀ ਦੇਣਦਾਰੀ ਤੋਂ ਬਿਨਾਂ ਕੀਤਾ ਜਾਂਦਾ ਹੈ।

(ਸ) ਕਮਜ਼ੋਰੀ ਦਾ ਸੰਕਲਪ ਵੱਧਣ ਕਰਕੇ ਅਤੇ ਵਿਦੇਸ਼ੀ ਹਮਲੇ ਦਾ ਖ਼ਤਰਾ ਪੂਰੀ ਤਰ੍ਹਾਂ ਨਾ ਘੱਟਣ ਕਰਕੇ, ਭਾਰਤ ਸਰਕਾਰ ਦੁਆਰਾ ਇਹ ਸਲਾਹ ਦਿੱਤੀ ਗਈ ਹੈ

ਕਿ ਕੈਟਾਗਿਰੀ I, II, III ਅਤੇ IV ਅਤੇ ਗੈਰ-ਸ਼੍ਰੇਣੀਬੱਧ ਕਸਬਿਆਂ ਵਿੱਚਲੇ ਅਰਬਨ ਹੋਮ ਗਾਰਡਾਂ ਦੀ ਸਿਵਲ ਡੀਫੈਂਸ ਵਿੱਚ ਵੱਧ ਤੋਂ ਵੱਧ ਵਰਤੋਂ ਕੀਤੀ ਜਾਂਦੀ ਹੈ। ਅਸਲ ਵਿੱਚ ਅਜਿਹੇ ਕਸਬਿਆਂ ਵਿੱਚ, ਸਿਵਲ ਡਿਫੈਂਸ ਦੇ ਕੰਮ ਲਈ ਵਰਤਮਾਨ ਵਿੱਚ ਹੋਮ ਗਾਰਡਜ਼ ਨੂੰ ਸਭ ਤੋਂ ਪਹਿਲਾਂ ਬੁਲਾਇਆ ਜਾਣਾ ਚਾਹੀਦਾ ਹੈ। ਬੇਸ਼ੱਕ ਇਸਦਾ ਮਤਲਬ ਇਹ ਨਹੀਂ ਹੈ ਕਿ ਸੰਸਥਾ ਦੇ ਚਰਿੱਤਰ ਵਿੱਚ ਕਿਸੇ ਤਬਦੀਲੀ ਦੀ ਕਲਪਨਾ ਕੀਤੀ ਗਈ ਹੈ, ਜਦੋਂ ਤੱਕ ਵੱਖ- ਵੱਖ ਸਰਵਿਸਾਂ ਲਈ ਪੂਰੀ ਤਰ੍ਹਾਂ ਸਿਖਲਾਈ ਪ੍ਰਾਪਤ ਸਿਵਲ ਡੀਫੈਂਸ, ਵਲੰਟੀਅਰਜ ਦੀ ਲੋੜੀਂਦੀ ਗਿਣਤੀ ਉਪਲਬਧ ਨਹੀਂ ਹੈ, ਪਰ ਸਿਵਲ ਡਿਫੈਂਸ ਦੇ ਕੰਮ ਨੂੰ, ਸ਼ਾਇਦ, ਹੋਰ ਫਰਜ਼ਾਂ ਨਾਲੋਂ ਪਹਿਲ ਦੇਣੀ ਪਵੇਗੀ।

(ਹ) ਇਹਨਾਂ ਸੇਵਾਵਾਂ ਲਈ ਕਰਮਚਾਰੀਆਂ ਦੇ ਪੈਮਾਨੇ "General Principle of Civil Defence" ਸਿਰਲੇਖ ਵਾਲੀ ਸਿਵਲ ਡਿਫੈਂਸ ਹੈਂਡ-ਬੁੱਕ ਵਿੱਚ ਦਿੱਤੇ ਗਏ ਹਨ।

## ਹੋਮ ਗਾਰਡਜ ਪੁਲਿਸ ਦੇ ਸਹਾਇਕ ਵਜੋਂ

ਜਦੋਂ ਹੋਮ ਗਾਰਡਜ਼ ਨੂੰ ਪੁਲਿਸ ਦੇ ਸਹਾਇਕ ਵਜੋਂ ਨਿਯੁਕਤ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਦੀ ਵਰਤੋਂ ਗਾਰਡ ਡਿਊਟੀ, ਟ੍ਰੈਫਿਕ ਕੰਟਰੋਲ, ਗਸ਼ਤ ਅਤੇ ਇਸ ਤਰ੍ਹਾਂ ਦੇ ਕੰਮਾਂ 'ਤੇ ਕੀਤੀ ਜਾਂਦੀ ਹੈ, ਜਿਸ ਨਾਲ ਸੰਸਥਾ ਦਾ ਮਾਣ ਵੱਧਦਾ ਹੈ ਅਤੇ ਹੋਮ ਗਾਰਡਜ਼ ਨੂੰ ਆਮ ਜਨਤਾ ਦੀ ਸਦਭਾਵਨਾ ਅਤੇ ਹਮਦਰਦੀ ਮਿਲਦੀ ਹੈ। ਹੜਤਾਲਾਂ ਨੂੰ ਤੋੜਨ, ਸਰਕਾਰੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ ਨੂੰ ਰੋਕਣ, ਗੈਰ-ਲਾਇਸੈਂਸੀ ਵਿਕਰੇਤਾਵਾਂ ਨੂੰ ਫੜਨ ਆਦਿ ਵਰਗੇ ਕੰਮਾਂ ਲਈ ਹੋਮ ਗਾਰਡਜ਼ ਦੀ ਵਰਤੋ ਤੋ ਗੁਰੇਜ ਕੀਤਾ ਜਾਂਦਾ ਹੈ।

ਕਿਉਂਕਿ ਅਜਿਹੀ ਡਿਊਟੀ ਉਹਨਾਂ ਨੂੰ ਆਮ ਜਨਤਾ ਤੋਂ ਦੂਰ ਕਰਦੀ ਹੈ। ਉਕਤ ਡਿਊਟੀਆਂ ਲਈ, ਹੋਮ ਗਾਰਡ, ਗਾਰਡ, ਟ੍ਰੈਫਿਕ ਨਿਯੰਤਰਣ ਅਤੇ ਗਸ਼ਤ ਡਿਊਟੀਆਂ ਵਿੱਚ ਪੁਲਿਸ ਦੀ ਥਾਂ ਲੈਂਦੇ ਹਨ, ਅਤੇ ਉਹ ਵਾਧੂ ਪੁਲਿਸ ਨੂੰ ਅਜਿਹੀ ਡਿਊਟੀਆਂ ਲਈ ਮੁਹੱਇਆ ਕਰਵਾਇਆ ਜਾਂਦਾ ਹੈ।

## ਹੋਮ ਗਾਰਡਜ਼ ਦੀਆਂ ਕਾਰਜਸ਼ੀਲ ਇਕਾਈਆਂ

ਹੋਮ ਗਾਰਡਜ਼ ਦੇ ਕਾਰਜਾਂ ਵਿੱਚੋਂ ਇੱਕ ਕਾਰਜ, ਜ਼ਰੂਰੀ ਸੇਵਾਵਾਂ ਜਿਵੇਂ ਕਿ ਮੋਟਰ ਟਰਾਂਸਪੋਰਟ, ਪਾਇਨੀਅਰ ਅਤੇ ਇੰਜਨੀਅਰ ਗਰੁੱਪ, ਫਾਇਰ ਬ੍ਰਿਗੇਡ, ਪਾਣੀ ਅਤੇ ਬਿਜਲੀ ਸਪਲਾਈ ਦੀਆਂ ਸਥਾਪਨਾਵਾਂ ਦਾ ਸੰਚਾਲਨ ਆਦਿ ਪ੍ਰਦਾਨ ਕਰਨ ਲਈ ਕਾਰਜਸ਼ੀਲ ਯੂਨਿਟਾਂ ਮੁਹਇਆ ਕਰਵਾਉਣਾ ਹੁੰਦਾ ਹੈ। ਭਾਰਤ ਸਰਕਾਰ ਚਾਹੁੰਦੀ ਹੈ ਕਿ ਰਾਜ ਸਰਕਾਰਾਂ  ਹੋਮ ਗਾਰਡਜ਼ ਦੀਆਂ ਅਜਿਹੀਆਂ ਕਾਰਜਸ਼ੀਲ ਯੂਨਿਟਾਂ ਦੀ ਲੋੜੀਂਦੀ ਗਿਣਤੀ ਵਿੱਚ ਸਥਾਪਨਾ ਕਰੇ ਤਾਂ ਜੋ ਐਮਰਜੈਂਸੀ ਵਿੱਚ ਲੋੜ ਪੈਣ ਸਮੇਂ ਜ਼ਰੂਰੀ ਸੇਵਾਵਾਂ ਨੂੰ ਵਧਾਉਣ ਲਈ ਸਿਖਲਾਈ ਪ੍ਰਾਪਤ ਮੈਨ ਪਾਵਰ  ਉਪਲਬਧ ਹੋਵੇ।

ਜਰੂਰੀ ਸੇਵਾਂਵਾ ਨੂੰ ਚਾਲੂ ਰੱਖਣ ਲਈ ਇਹ ਜਰੂਰੀ ਹੈ ਕਿ ਐਨਰੋਲ ਕੀਤੇ ਕਰਮਚਾਰੀ ਤਿਬਰ ਸਿੱਖਲਾਈ ਪ੍ਰਾਪਤ ਅਤੇ ਲੋੜੀਂਦੀ ਤਕਨੀਕੀ ਗਿਆਨ ਵਾਲੇ ਹੋਣ। ਇਸ ਲਈ, ਚੁਣਵੇ ਹੋਮ ਗਾਰਡਾਂ ਨੂੰ ਕੇਵਲ ਮੁਢਲੀ ਸਿਖਲਾਈ ਦੇ ਕੇ ਕਾਰਜਸ਼ੀਲ ਇਕਾਈ ਦੀ ਸਥਾਪਨਾ ਕਰਨ ਵਿੱਚ ਕੋਈ ਉਪਯੋਗਤਾ ਨਹੀਂ ਹੋਵੇਗੀ। ਇਸ ਦੇ ਮੱਦੇਨਜ਼ਰ, ਵੱਖ-ਵੱਖ ਜਨਤਕ ਉਪਯੋਗਤਾ ਸੇਵਾਵਾਂ ਵਿੱਚ ਕੰਮ ਕਰਦੇ ਤਕਨੀਕੀ ਤੌਰ 'ਤੇ ਸਿੱਖਿਅਤ ਕਰਮਚਾਰੀਆਂ ਵਿੱਚੋਂ ਹੋਮ ਗਾਰਡਜ਼ ਦੀਆਂ ਕੰਪੋਜ਼ਿਟ ਕੰਪਨੀਆਂ ਬਣਾਉਣ ਲਈ ਲੋੜੀਂਦੀ ਗਿਣਤੀ ਵਿੱਚ ਵਾਲੰਟੀਅਰਾਂ ਨੂੰ ਭਰਤੀ ਕਰਨਾ ਵਧੇਰੇ ਫਾਇਦੇਮੰਦ ਹੋਵੇਗਾ।

## ਕੁਦਰਤੀ ਆਫ਼ਤਾਂ ਦੀ ਸਥਿਤੀ ਵਿੱਚ ਹੋਮ ਗਾਰਡਜ਼ ਦੀਆਂ ਸੇਵਾਵਾਂ ਦੀ ਪ੍ਰਭਾਵੀ ਵਰਤੋਂ

ਹੋਮ ਗਾਰਡਜ਼ ਦੀਆਂ ਮੁੱਖ ਭੂਮਿਕਾਵਾਂ ਵਿੱਚੋਂ ਇੱਕ ਐਮਰਜੈਂਸੀ ਜਿਵੇਂ ਕਿ ਹਵਾਈ ਹਮਲੇ, ਅੱਗ, ਹੜ੍ਹ, ਮਹਾਂਮਾਰੀ ਆਦਿ ਦੌਰਾਨ ਭਾਈਚਾਰੇ ਦੀ ਮਦਦ ਕਰਨਾ ਹੈ। ਹੋਮ ਗਾਰਡਜ਼, ਨੂੰ ਇਸ ਲਈ, ਕਿਸੇ ਵੀ ਕਿਸਮ ਦੀ ਕੁਦਰਤੀ ਆਫ਼ਤ ਵਿੱਚ ਭਾਈਚਾਰੇ ਦੀ ਮਦਦ ਕਰਨ ਲਈ ਵਰਤਿਆ ਜਾ ਸਕਦਾ ਹੈ। ਬਚਾਅ ਅਤੇ ਰਾਹਤ ਕਾਰਜਾਂ ਵਿੱਚ ਸਿਖਲਾਈ ਪ੍ਰਾਪਤ ਹੋਮ ਗਾਰਡਜ਼ ਦੇ ਜਵਾਨ ਕੁਦਰਤੀ ਆਫ਼ਤ ਦੌਰਾਨ ਪ੍ਰਭਾਵਿਤ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਸਿਖਲਾਈ ਪ੍ਰਾਪਤ ਮੈਨ ਪਾਵਰ ਦੀ ਮੰਗ ਨੂੰ ਪੂਰਾ ਕਰਨ ਦੇ ਯੋਗ ਹੁੰਦੇ ਹਨ। ਮੌਜੂਦਾ ਵਿੱਤੀ ਨੀਤੀ ਦੇ ਅਨੁਸਾਰ, ਅਜਿਹੀਆਂ ਡਿਊਟੀਆਂ ਲਈ ਤੈਨਾਤ ਹੋਮ ਗਾਰਡਾਂ ਨੂੰ ਡਿਊਟੀ ਭੱਤੇ ਆਦਿ ਦੀ ਅਦਾਇਗੀ ਦੀ ਜਿੰਮੇਵਾਰੀ ਉਨਾਂ ਅਥਾਰਟੀਆਂ ਤੇ ਹੁੰਦੀ ਹੈ ਜਿਨਾਂ ਦੀ ਮੰਗ ਤੇ ਹੋਮ ਗਾਰਡਜ ਨੂੰ ਬੁਲਾਇਆ ਜਾਂਦਾ ਹੈ।

## ਫਿਰਕੂ ਸਦਭਾਵਨਾ ਅਤੇ ਸਮਾਜ ਦੇ ਕਮਜ਼ੋਰ ਵਰਗ ਦੀ ਸੁਰੱਖਿਆ ਲਈ ਹੋਮ ਗਾਰਡਜ਼ ਦੀ ਵਰਤੋਂ

ਸਥਾਨਕ ਵਲੰਟੀਅਰ ਹੋਣ ਦੇ ਨਾਤੇ ਹੋਮ ਗਾਰਡਾਂ ਦੀ ਵਰਤੋਂ ਫਿਰਕੂ ਅਸ਼ਾਂਤੀ ਨੂੰ ਰੋਕਣ ਅਤੇ ਨਿਯੰਤਰਣ ਕਰਨ, ਘੱਟ ਗਿਣਤੀਆਂ ਵਿੱਚ ਵਿਸ਼ਵਾਸ ਬਹਾਲ ਕਰਨ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਸੁਰੱਖਿਆ ਵਿੱਚ ਪ੍ਰਸ਼ਾਸਨ ਦੀ ਸਹਾਇਤਾ ਲਈ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾਂਦੀ ਹੈ।

# ਵਿਭਾਗ ਦੇ ਸੰਗਠਨ ਦਾ ਸੈੱਟਅੱਪ ਹੇਠ ਅਨੁਸਾਰ ਹੈ:-

- ਕਮਾਂਡੈਂਟ ਜਨਰਲ, ਹੋਮ ਗਾਰਡਜ ਅਤੇ ਡਾਇਰੈਕਟਰ, ਸਿਵਲ ਡੀਫੈਂਸ, ਪੰਜਾਬ।
  - ਡਿਪਟੀ ਕਮਾਂਡੈਂਟ ਜਨਰਲ, ਪੰਜਾਬ ਹੋਮ ਗਾਰਡਜ ।
    - ਡਵੀਜਨਲ ਕਮਾਂਡੈਟ , ਪੰਜਾਬ ਹੋਮ ਗਾਰਡਜ, ਫਿਰੋਜਪੁਰ।
      - 5TH ਬਟਾਲੀਅਨ, ਪੰਜਾਬ ਹੋਮ ਗਾਰਡਜ, ਫਿਰੋਜਪੁਰ ।
      - 6TH ਬਟਾਲੀਅਨ, ਪੰਜਾਬ ਹੋਮ ਗਾਰਡਜ, ਫਾਜਿਲਕਾ ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਬਠਿੰਡਾ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਫਰੀਦਕੋਟ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਫਿਰੋਜਪੁਰ ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਮਾਨਸਾ ।
    - ਸਾਝਾਂ ਟ੍ਰੈਨਿੰਗ ਇੰਸਟਿਚਿਉਟ ਹੋਮ ਗਾਰਡਜ ਅਤੇ ਸਿਵਲ ਰੱਖਿਆ ਸ਼ਾਖਾ, ਪੰਜਾਬ।
    - ਜੂਨੀਅਰ ਸਟਾਫ ਅਫਸਰ (ਅਮਲਾ)
    - ਜੂਨੀਅਰ ਸਟਾਫ ਅਫਸਰ (ਸਿਵਲ ਡੀਫੈਂਸ)
    - ਜੂਨੀਅਰ ਸਟਾਫ ਅਫਸਰ (ਟ੍ਰੈਨਿੰਗ)
    - ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ)
    - ਡਵੀਜਨਲ ਕਮਾਂਡੈਟ , ਪੰਜਾਬ ਹੋਮ ਗਾਰਡਜ, ਜਲੰਧਰ।
      - 1ST ਬਟਾਲੀਅਨ, ਪੰਜਾਬ ਹੋਮ ਗਾਰਡਜ, ਗੁਰਦਾਸਪੁਰ।
      - 2ND ਬਟਾਲੀਅਨ, ਪੰਜਾਬ ਹੋਮ ਗਾਰਡਜ, ਬਟਾਲਾ।
      - 3RD ਬਟਾਲੀਅਨ, ਪੰਜਾਬ ਹੋਮ ਗਾਰਡਜ,ਅੰਮ੍ਰਿਤਸਰ ।
      - 4TH ਬਟਾਲੀਅਨ, ਪੰਜਾਬ ਹੋਮ ਗਾਰਡਜ, ਪੱਟੀ ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਅੰਮ੍ਰਿਤਸਰ ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਗੁਰਦਾਸਪੁਰ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਹੁਸ਼ਿਆਰਪੁਰ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਜਲੰਧਰ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਕਪੂਰਥਲਾ।
    - ਡਵੀਜਨਲ ਕਮਾਂਡੈਟ , ਪੰਜਾਬ ਹੋਮ ਗਾਰਡਜ, ਪਟਿਆਲਾ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ,ਫਤਿਹਗੜ੍ਹ ਸਾਹਿਬ ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਲੁਧਿਆਣਾ ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ,ਪਟਿਆਲਾ ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਰੋਪੜ ।
      - ਦਫਤਰ ਜਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ, ਸੰਗਰੂਰ ।